# ਕਾਰਜ ਹੱਲਾਸ਼ੇਰੀ ਆਹਾਰ ਪੁਸ਼ਟੀ ਸਬੰਧੀ ਪੂਰਕ ਭੁਗਤਾਨ (WORK INCENTIVE NUTRITIONAL SUPPLEMENT) (WINS) ਫ਼ਾਇਦੇ ਦੇ ਸਭ CALFRESH (ਫ਼ੂਡ ਸਟੈਂਪਾਂ) ਪ੍ਰਾਪਤਕਰਤਾਵਾਂ ਲਈ ਸੂਚਨਾ

# ਮਹੱਤਵਪੂਰਨ – ਕਿਰਪਾ ਕਰਕੇ ਪੜ੍ਹੋ

WINS ਉਨ੍ਹਾਂ ਕਮਾਊ ਪਰਿਵਾਰਾਂ ਲਈ $10 ਪ੍ਰਤੀ ਮਹੀਨੇ ਦਾ ਭੋਜਨ ਸਬੰਧੀ ਫ਼ਾਇਦਿਆਂ ਦਾ ਪੂਰਕ ਕਾਰਜਕ੍ਰਮ ਹੈ ਜਿਨ੍ਹਾਂ ਨੂੰ CalFresh ਫ਼ਾਇਦੇ ਮਿਲ ਰਹੇ ਹਨ ਪਰ ਕੈਲੀਫ਼ੋਰਨੀਆ ਕਾਰਜ ਅਵਸਰ ਅਤੇ ਬੱਚਿਆਂ ਵੱਲ ਜ਼ਿੰਮੇਵਾਰੀ (California Work Opportunity and Responsibility to Kids) (CalWORKs) ਜਾਂ ਜ਼ਰੂਰਤਮੰਦ ਪਰਿਵਾਰਾਂ ਲਈ ਕਬਾਇਲੀ ਅਸਥਾਈ ਸਹਾਇਤਾ (Tribal Temporary Assistance to Needy Families) (TANF) ਫ਼ਾਇਦੇ ਨਹੀਂ ਮਿਲ ਰਹੇ ਹਨ।

ਕੈਲੀਫ਼ੋਰਨੀਆ ਸਟੇਟ ਦਾ ਕਨੂੰਨ ਇਨ੍ਹਾਂ ਲਈ ਮੁਹੱਈਆ ਕਰਵਾਉਂਦਾ ਹੈ:

- ਉਹ CalFresh ਪਰਿਵਾਰ ਜੋ WINS ਲਈ ਕਾਰਜ ਘੰਟੇ ਸਬੰਧੀ ਸ਼ਰਤਾਂ ਨੂੰ ਪੂਰਾ ਕਰਦੇ ਹਨ, ਪਰ ਜਿਨ੍ਹਾਂ ਨੂੰ CalWORKs (ਕੈਲੀਫ਼ੋਰਨੀਆ 'ਚ ਕੰਮ ਦੇ ਮੌਕਿਆਂ ਅਤੇ ਬੱਚਿਆਂ ਨੂੰ ਜ਼ਿੰਮੇਦਾਰੀ ਦਾ ਕਾਰਜਕ੍ਰਮ) ਜਾਂ ਕਬਾਇਲੀ (Tribal) TANF ਨਹੀਂ ਮਿਲ ਰਹੇ ਹਨ, $10 ਪ੍ਰਤੀ ਮਹੀਨੇ ਦਾ ਵਾਧੂ ਭੋਜਨ ਸਬੰਧੀ ਫ਼ਾਇਦਾ ਪ੍ਰਾਪਤ ਕਰਨ ਲਈ ਯੋਗ ਹੋ ਸਕਦੇ ਹਨ।

  ਕਾਰਜ ਘੰਟੇ ਸਬੰਧੀ ਸ਼ਰਤਾਂ ਹਨ:<br>
  ਛੇ ਸਾਲ ਦੀ ਉਮਰ ਤੋਂ ਘੱਟ ਦੇ ਘੱਟੋ-ਘੱਟ ਇਕ ਬੱਚੇ ਵਾਲੇ ਇਕੱਲੇ ਸਰਪ੍ਰਸਤੀ ਵਾਲੇ ਮਾਪਿਆਂ/ਨਿਗਰਾਨ ਪਰਿਵਾਰਾਂ ਲਈ 20 ਘੰਟੇ ਪ੍ਰਤੀ ਹਫ਼ਤਾ;<br>
  ਛੇ ਅਤੇ ਅਠਾਰਾਂ ਸਾਲ ਦੇ ਦਰਮਿਆਨ ਉਮਰ ਵਾਲੇ ਬੱਚੇ(ਬੱਚਿਆਂ) ਵਾਲੇ ਗੈਰ-ਦੋਵੇਂ ਮਾਪਿਆਂ ਵਾਲੇ/ਨਿਗਰਾਨ ਪਰਿਵਾਰਾਂ ਲਈ 30 ਘੰਟੇ ਪ੍ਰਤੀ ਹਫ਼ਤਾ;<br>
  ਦੋਵੇਂ ਮਾਪਿਆਂ ਵਾਲੇ/ਨਿਗਰਾਨ ਪਰਿਵਾਰਾਂ ਲਈ 35 ਘੰਟੇ ਪ੍ਰਤੀ ਹਫ਼ਤਾ।

ਕੋਈ ਵੀ ਲਾਹੇਵੰਦ ਕੰਮ ਮੰਨਿਆ ਜਾਂਦਾ ਹੈ (ਭਾਵੇਂ ਉਹ ਵਿੱਤੀ ਸਹਾਇਤਾ ਪ੍ਰਾਪਤ ਹੋਵੇ, ਜਿਵੇਂ ਨੌਕਰੀ ਨਾਲ ਪੜ੍ਹਾਈ)। ਇਸ 'ਚ ਸਵੈ-ਰੁਜ਼ਗਾਰ ਵੀ ਸ਼ਾਮਿਲ ਹੈ।

- ਤੁਹਾਡਾ ਪਰਿਵਾਰ ਯੋਗ ਹੋ ਸਕਦਾ ਹੈ ਜੇਕਰ:
  - ਤੁਹਾਡਾ ਇਕ CalFresh ਪਰਿਵਾਰ ਹੈ, ਪਰ CalWORKs ਜਾਂ ਕਬਾਇਲੀ (Tribal) TANF ਨਹੀਂ ਮਿਲ ਰਹੇ ਹਨ; ਅਤੇ
  - ਤੁਹਾਡੇ ਘਰ 'ਚ 18 ਸਾਲ ਤੋਂ ਘੱਟ ਉਮਰ ਦਾ ਕੋਈ ਬੱਚਾ ਹੈ; ਅਤੇ
  - ਪਰਿਵਾਰ 'ਚ ਘੱਟੋ-ਘੱਟ ਇਕ ਮਾਤਾ/ਪਿਤਾ/ਸਰਪ੍ਰਸਤ ਹੈ ਜੋ "ਕਾਰਜ-ਯੋਗ ਵਿਅਕਤੀ" ਦੀ TANF ਪਰਿਭਾਸ਼ਾ ਨੂੰ ਪੂਰਾ ਕਰਦਾ ਹੈ ਅਤੇ ਸੰਘੀ TANF ਸ਼ਰਤਾਂ ਨੂੰ ਪੂਰਾ ਕਰਨ ਵਾਲੀਆਂ ਉੱਪਰ ਦਿੱਤੀਆਂ ਗਈਆਂ ਯੋਗ ਕਾਰਜੀ ਕਿਰਿਆਵਾਂ 'ਚ ਲੋੜੀਦੇ ਘੰਟਿਆਂ ਲਈ ਹਿੱਸਾ ਲੈ ਰਿਹਾ ਹੈ;
- ਇਹ ਮਹੀਨੇਵਾਰ ਭੁਗਤਾਨ ਓਦੋਂ ਤਕ ਜਾਰੀ ਰਹੇਗਾ ਜਦੋਂ ਤਕ ਤੁਸੀਂ WINS ਕਾਰਜਕ੍ਰਮ ਦੀਆਂ ਸ਼ਰਤਾਂ ਨੂੰ ਪੂਰਾ ਕਰਦੇ ਹੋ।
- $10 ਦਾ ਫ਼ਾਇਦਾ ਇਕ ਭੋਜਨ ਸਬੰਧੀ ਫ਼ਾਇਦਾ ਹੈ ਅਤੇ ਨਕਦੀ ਦੇ ਰੂਪ 'ਚ ਨਹੀਂ ਵਰਤਿਆ ਜਾ ਸਕਦਾ।
- ਜੇਕਰ ਤੁਸੀਂ ਵਧੇਰੇ ਜਾਣਕਾਰੀ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਆਪਣੇ ਵਰਕਰ ਨਾਲ ਸੰਪਰਕ ਕਰੋ।

ਹਰ ਯੋਗ CalFresh ਪਰਿਵਾਰ ਨੂੰ ਹਰ ਮਹੀਨੇ ਸਿਰਫ਼ ਇਕ WINS ਫ਼ਾਇਦਾ ਮਿਲ ਸਕਦਾ ਹੈ। ਇਹ ਫ਼ਾਇਦਾ ਪਰਿਵਾਰ ਦੇ CalFresh ਭੁਗਤਾਨ 'ਚ ਭੋਜਨ ਲਈ ਪੂਰਕ ਭੁਗਤਾਨ ਦੇ ਰੂਪ 'ਚ ਪਰਿਵਾਰ ਦੇ ਮੌਜੂਦਾ ਇਲੈਕਟ੍ਰੌਨਿਕ ਫ਼ਾਇਦੇ ਟ੍ਰਾਂਸਫਰ (EBT) ਕਾਰਡ 'ਤੇ ਵੰਡਿਆ ਜਾਵੇਗਾ। WINS ਫ਼ਾਇਦੇ ਲਈ ਯੋਗਤਾ ਓਦੋਂ ਨਿਰਧਾਰਤ ਕੀਤੀ ਜਾਂਦੀ ਹੈ ਜਦੋਂ ਤੁਸੀਂ ਫ਼ਾਇਦਿਆਂ ਲਈ ਅਰਜ਼ੀ ਦਿੰਦੇ ਹੋ, ਉਨ੍ਹਾਂ 'ਚ ਬਦਲਾਵਾਂ ਦੀ ਜਾਣਕਾਰੀ ਦਿੰਦੇ ਹੋ, ਜਾਂ ਫ਼ਾਇਦਿਆਂ ਲਈ ਮੁੜ-ਪ੍ਰਮਾਣੀਕਰਣ ਕਰਦੇ ਹੋ। ਜੇਕਰ ਤੁਸੀਂ WINS ਲਈ ਯੋਗ ਹੋ, ਤਾਂ ਤੁਹਾਡੇ EBT ਕਾਰਡ 'ਚ ਫ਼ਾਇਦਾ ਜੋੜ ਦਿੱਤਾ ਜਾਵੇਗਾ।

ਕਿਰਪਾ ਕਰਕੇ ਇਹ ਯਕੀਨੀ ਕਰੋ ਕਿ ਪਹਿਲੀ ਵਾਰ CalFresh ਲਈ ਅਰਜ਼ੀ ਦੇਣ ਵੇਲੇ, ਬਦਲਾਵਾਂ ਦੀ ਜਾਣਕਾਰੀ ਦੇਣ ਵੇਲੇ, ਜਾਂ CalFresh ਫ਼ਾਇਦਿਆਂ ਲਈ ਮੁੜ-ਪ੍ਰਮਾਣੀਕਰਣ ਕਰਨ ਵੇਲੇ ਤੁਸੀਂ ਆਪਣੇ ਯੋਗਤਾ ਵਰਕਰ ਨੂੰ ਆਪਣੇ ਕਾਰਜੀ ਘੰਟਿਆਂ ਦੀ ਜਾਣਕਾਰੀ ਦਿੰਦੇ ਹੋ ਤਾਂ ਜੋ ਉਹ ਇਹ ਨਿਰਧਾਰਿਤ ਕਰ ਸਕੇ ਕਿ ਤੁਸੀਂ ਯੋਗ ਹੋ ਜਾਂ ਨਹੀਂ।

ਜੇਕਰ ਤੁਹਾਨੂੰ ਲੱਗਦਾ ਹੈ ਕਿ ਅਸੀਂ ਤੁਹਾਡੇ CalFresh ਫ਼ਾਇਦਿਆਂ ਦਾ ਹਿਸਾਬ ਲਗਾਉਣ 'ਚ ਗਲਤੀ ਕੀਤੀ ਸੀ ਤਾਂ, ***ਇਹ ਪੱਤਰ ਮਿਲਣ ਤੋਂ ਬਾਅਦ 90 ਦਿਨਾਂ ਦੇ ਅੰਦਰ*** ਇਸ ਪਤੇ 'ਤੇ ਪੱਤਰ ਲਿੱਖ ਕੇ, ਤੁਸੀਂ ਸਟੇਟ ਵੱਲੋਂ ਸੁਣਵਾਈ ਦੀ ਮੰਗ ਕਰ ਸਕਦੇ ਹੋ:

ਜਾਂ ਤੁਸੀਂ ਟੋਲ ਫ਼੍ਰੀ ਨੰਬਰ 'ਤੇ ਕਾਲ ਕਰ ਸਕਦੇ ਹੋ: 1-800-952-5253. ਜੇਕਰ ਤੁਸੀਂ ਬੋਲ਼ੇ ਹੋ ਅਤੇ TDD ਦੀ ਵਰਤੋਂ ਕਰਦੇ ਹੋ, ਤਾਂ 1-800-952-8349 'ਤੇ ਕਾਲ ਕਰੋ। ਜਦੋਂ ਤੁਸੀਂ ਸਟੇਟ ਵੱਲੋਂ ਸੁਣਵਾਈ ਦੀ ਮੰਗ ਕਰੋਗੇ, ਤਾਂ ਤੁਹਾਨੂੰ ਸਾਨੂੰ ਇਹ ਦੱਸਣਾ ਪਵੇਗਾ ਕਿ ਤੁਹਾਨੂੰ ਕਿਉਂ ਲੱਗਦਾ ਹੈ ਕਿ ਅਸੀਂ ਗਲਤੀ ਕੀਤੀ ਸੀ। ਤੁਸੀਂ ਸੁਣਵਾਈ 'ਚ ਆਪ ਬੋਲ ਸਕਦੇ ਹੋ ਜਾਂ ਤੁਹਾਡਾ ਕੋਈ ਮਿੱਤਰ, ਵਕੀਲ, ਜਾਂ ਕੋਈ ਹੋਰ ਵਿਅਕਤੀ ਤੁਹਾਡੇ ਵੱਲੋਂ ਬੋਲ ਸਕਦਾ ਹੈ, ਪਰ ਤੁਹਾਡੀ ਮਦਦ ਕਰਨ ਲਈ ਤੁਹਾਨੂੰ ਇਨ੍ਹਾਂ ਲੋਕਾਂ ਨੂੰ ਲਿਆਉਣਾ ਪਵੇਗਾ। ਤੁਸੀਂ ਆਪਣੇ ਖੇਤਰ ਦੇ ਕਨੂੰਨੀ ਸਹਾਇਤਾ ਦਫ਼ਤਰ 'ਚ ਮੁਫ਼ਤ ਕਨੂੰਨੀ ਸਹਾਇਤਾ ਦੀ ਮੰਗ ਕਰ ਸਕਦੇ ਹੋ